ISSN 2278-5167
www.shabaduk.co.uk

ਸ਼ਬਦ 102

ਮੁੱਲ 50 ਰੁਪਏ



ਸਾਹਿਤ, ਕਲਾ ਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

SHABAD is an International Quarterly of Literature, Art and Culture

ਸ਼ਬਦ

ਸਾਲ : 26 **ਅੰਕ ਨੰ. : 102** **ਅਪ੍ਰੈਲ-ਜੂਨ, 2023**

Website : www.shabaduk.co.uk

ਮੁੱਖ ਸੰਪਾਦਕ

ਹਰਜੀਤ ਅਟਵਾਲ

67, Hillside Road, Southall, Middlesex , England. UB1 2PE
Ph. : 020-85780393 Mobile : 07782-265726
e mail: harjeetatwal@yahoo.co.uk, harjeetatwal@hotmail.co.uk

ਸੰਪਾਦਕ

ਜਿੰਦਰ

984, Rajput Nagar, Near Surinder Welding Works,
Model House, Jalandhar-144003
Mobile : 98148 03254
Email : jinder340@gmail.com

ਉਪ ਸੰਪਾਦਕ

ਹਰਮਹਿੰਦਰ ਚਹਿਲ

7305, Sterling Grove Dr., Springfield VA 22150 U.S.A.
Ph. 001-703-362-3239
Email : Chahals57@Yahoo.com

ਰਵੀ ਸ਼ੇਰਗਿੱਲ

8042 Prairie Hawk Way, Sacramento CA 95829 U.S.A.
Ph. 001-916-753-2868
Email : drgilldvm@Yahoo.com

ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।
Saiffi, Bank Of India, Account No 640410100003680, IFSC No BKID0006404. Branch Satluj Markeet , Jalandhar

ਵਿਸ਼ੇਸ਼ ਨੋਟ : ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।
ਚੰਦਾ : 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,
ਲਾਈਫ ਮੈਂਬਰਸ਼ਿਪ : ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ 'ਚ ਹੋਵੇਗੀ।

ਇਸ ਵਾਰ

- **ਮੇਰਾ ਪੰਨਾ** 3
- **ਮੁਲਾਕਾਤਾਂ**

ਮੌਤ ਨੇ ਸਦਾ ਮੈਨੂੰ ਆਕ੍ਰਸ਼ਿਤ ਕੀਤਾ ਹੈ: ਪ੍ਰਿਯੰਵਦ 5
ਮੁਲਾਕਾਤੀ–ਅਵਿਨਾਸ਼ ਮਿਸ਼ਰ

ਕਹਾਣੀ ਤੀਕ ਆਪਣੇ ਆਪ ਨੂੰ ਭੀੜ ਕੇ ਰੱਖਣ ਮੈਨੂੰ 21
ਕੋਈ ਬਹੁਤਾ ਜਚਦਾ ਨਹੀਂ / ਮਕਸੂਦ ਸਾਕਿਬ
ਮੁਲਾਕਾਤੀ–ਖ਼ਾਲਿਦ ਫ਼ਰਹਾਦ ਧਾਰੀਵਾਲ

ਸ਼ਬਦ ਦੀ ਕਮਾਈ ਸਾਧਨਾ, ਬੰਦਨਾ ਨਾਲ ਹੋ ਸਕਦੀ/ ਬਲੀਜੀਤ 28
ਮੁਲਾਕਾਤੀ–ਗੁਲ ਚੌਹਾਨ

ਸਾਹਿਤਿਕ ਮਹੰਤਾਂ ਨੇ ਨੌਜਵਾਨ ਲਿਖਾਰੀਆਂ ਨੂੰ 35
ਬਹੁਤ ਨੁਕਸਾਨ ਅਪੜਾਏ ਨੇ/ਖ਼ਾਲਿਦ ਫ਼ਰਹਾਦ ਧਾਰੀਵਾਲ

- ਪਾਗਲ ਮੁਹੱਬਤ/ਬਾਨੋ ਕੁਦਸੀਆ 42
- ਤੇਰੀ ਯਾਦ ਆਈ ਏ : ਡਾ. ਜੋਗਿੰਦਰ ਸਿੰਘ ਰਾਹੀ 53
–ਅਜਾਇਬ ਸਿੰਘ ਹੁੰਦਲ
- 'ਪੰਜਾਬੀ ਗਲਪ ਚਿੰਤਨ ਦਾ ਅਨਮੋਲ ਰਤਨ' ਡਾ. ਜੋਗਿੰਦਰ ਸਿੰਘ ਰਾਹੀ 62
–ਜੀਤ ਜੋਸ਼ੀ
- **ਕਹਾਣੀਆਂ**

ਪਾਸ਼ਾ ਬਾਬਾ/ਪ੍ਰਿਯੰਵਦ 71
ਦੋ ਗੁਆਚੇ ਪਿਉ/ਜਗਜੀਤ ਬਰਾੜ 80
ਦੁਮੂੰਹੀਂ/ਇਲਿਆਸ ਘੁੰਮਣ 99
ਭਰਮਜਾਲ/ਸਿਮਰਨ ਧਾਲੀਵਾਲ 104
ਮਿੱਸ ਸਿੱਟੀ/ਸੁਰਿੰਦਰ ਨੀਰ 111

- ਅਤ੍ਰਿਪਤ ਖਾਹਿਸ਼ਾਂ, ਥੁੜ੍ਹਾਂ ਮਾਰੇ ਦਮਿਤ ਜੀਵਨ ਯਥਾਰਥ ਤੋਂ ਪੈਦਾ ਮਾਨਸਿਕ ਗੰਢਾਂ ਦੇ ਕਥਾ ਬਿੰਬ– ਆਈ ਲਾਚਾ, ਤ੍ਰਿਕਾਲ ਸੰਧਿਆ ਅਤੇ ਉੱਚੀਆਂ ਆਵਾਜ਼ਾਂ 122
–ਡਾ. ਜੇ. ਬੀ. ਸੇਖੋਂ
- ਚਿੰਤਨ ਦੀ ਪੈੜ ਦੱਬਦੀ ਕਵਿਤਾ: ਸੱਪਾਂ ਨਾਲ ਖੇਡਦੇ ਪੰਛੀ 137
–ਕੇ.ਐਲ ਗਰਗ
- ਚਿਤਵਣੀ ਦੇ ਸਿਧਾਂਤਕ ਸਰੋਕਾਰ/ਡਾ. ਪਰਵੀਨ ਕੁਮਾਰ 139

ਮੇਰਾ ਪੰਨਾ

ਅਸੀਂ ਅੱਜ ਦੇ ਅਜਿਹੇ ਖੰਡਿਤ ਸਮੇਂ ਵਿੱਚ ਜੀ ਰਹੇ ਹਾਂ ਜਿੱਥੇ ਯਥਾਰਥ ਤੇ ਮਿੱਥ, ਵਾਸਤਵਿਕਤਾ ਤੇ ਭਰਮ, ਸੱਚ ਤੇ ਝੂਠ ਸਭ ਦੇ ਆਪੋ ਆਪਣੇ ਪ੍ਰਮਾਣ ਹਨ। ਅਜਿਹੇ ਸਮਿਆਂ ਵਿੱਚ ਸਾਹਿਤ ਤੇ ਸਾਹਿਤਕਾਰ 'ਤੇ ਹੀ ਕਿਉਂ ਸਮੁੱਚੀ ਸੰਸਕ੍ਰਿਤਕ ਨਿਰਮਾਣ ਦੀ ਪ੍ਰਕਿਰਿਆ 'ਤੇ ਗੱਲਬਾਤ ਕਰਨ ਸਮੇਂ ਠੋਸ ਸਚਾਈਆਂ ਦਾ ਪਤਾ ਹੋਣਾ ਚਾਹੀਦਾ ਹੈ। ਅੱਜ ਦਾ ਸਭ ਤੋਂ ਵੱਡਾ ਸਵਾਲ ਹੈ ਕਿ ਸਾਹਿਤ ਤੇ ਸਾਹਿਤਕਾਰ ਕਿਸ ਧਿਰ ਦੇ ਹੱਕ ਵਿੱਚ ਭੁਗਤੇ। ਪਰੰਪਰਾ, ਜਾਤੀਵਾਦ ਜਾਂ ਅਜਿਹੀ ਕਿਸੇ ਵੰਡੀ ਦੇ ਹੱਕ ਵਿੱਚ ਜਾਂ ਨਿਰਧਾਰਤ ਮੁੱਲ ਤੇ ਆਦਰਸ਼ ਦੇ ਹੱਕ ਵਿੱਚ ਜਾਂ ਕਿਸੇ ਢੁਕਵੀਂ ਨਿਰਪਖਤਾ ਦੇ ਹੱਕ ਵਿੱਚ। ਸਮਾਜ ਦੀਆਂ ਪੁਰਾਣੀਆਂ ਚਣੌਤੀਆਂ ਦੇ ਨਾਲ ਨਾਲ ਅਨੇਕ ਨਵੀਆਂ ਚਣੌਤੀਆਂ ਅੱਜ ਦੇ ਲੇਖਕ ਦੇ ਦਰਪੇਸ਼ ਹਨ। ਰਾਜਨੀਤਕ ਉਤਪਾਦਾਂ ਤੋਂ ਲੈ ਕੇ ਬਾਜ਼ਾਰ ਵਿੱਚ ਉਪਲਬਧ ਵੱਖ ਵੱਖ ਉਤਪਾਦਾਂ ਵਿੱਚ ਅੱਜ ਇਕ ਨਿਰਲੱਜ ਕਿਸਮ ਦਾ ਬਾਜ਼ਾਰੂ ਪ੍ਰਾਪੋਗੰਡਾ ਰਚ ਕੇ ਜਿਸ ਤਰ੍ਹਾਂ ਦੀਆਂ ਰੁਚੀਆਂ, ਜ਼ਰੂਰਤਾਂ, ਵਿਚਾਰਾਂ ਤੇ ਚੋਣ ਦੀਆਂ ਸੁਤੰਤਰਤਾਵਾਂ ਨੂੰ ਪ੍ਰਭਾਵਿਤ ਕੀਤਾ ਜਾ ਰਿਹਾ ਹੈ ਜਾਂ ਵਿਗਾੜਿਆ ਜਾ ਰਿਹਾ ਹੈ, ਉਸ ਦਾ ਪ੍ਰਤੀਰੋਧ ਸਾਹਿਤ ਦੇ ਅੰਦਰ ਜੋ ਦਿਸਣਾ ਚਾਹੀਦਾ ਸੀ ਉਹ ਦਿਸ ਨਹੀਂ ਰਿਹਾ ਬਲਕਿ ਸਾਹਿਤ ਕਈ ਵਾਰ ਇਹਨਾਂ ਆਰੁਚੀਆਂ ਦੇ ਹੱਕ ਵਿੱਚ ਭੁਗਤਦਾ ਜਾਪਦਾ ਹੈ, ਆਰੁਚੀਆਂ ਫੈਲਾਉਂਦਾ ਵੀ ਦਿਸ ਸਕਦਾ ਹੈ। ਮਸ਼ਹੂਰ ਦਾਰਸ਼ਨਿਕ ਟੈਰੀ ਈਗਲਟਨ ਦੀ ਮੰਨੀਏਂ ਤਾਂ ਇਸ ਦਾ ਸਿੱਧਾ ਰਿਸ਼ਤਾ 'ਕਮੋਡੀਫਿਕੇਸ਼ਨ ਆਫ ਲਿਟਰੇਚਰ' ਨਾਲ ਹੈ। ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਦੇ ਨਵ-ਉਦਾਰ ਪੂੰਜੀਵਾਦ ਤੋਂ ਲੈ ਕੇ ਇਕੀਵੀਂ ਸਦੀ ਦੀ ਇਸ ਆਰਥਿਕ ਸਮਾਜਿਕ ਬਣਤਰ ਵਿੱਚ ਹਰ ਚੀਜ਼ ਉਤਪਾਦ ਹੈ, ਇਕ ਵਸਤੂ ਹੈ, ਇਸ ਦੇ ਇਲਾਵਾ ਕੁਝ ਨਹੀਂ। ਕਮੋਡਿਟੀ ਵਿੱਚ ਬਦਲੇ ਜਾਣ ਦੀ ਪ੍ਰਵ੍ਰਿਤੀ ਪੰਜਾਬੀ ਸਾਹਿਤ ਵਿੱਚ ਬਹੁਤ ਤੇਜ਼ੀ ਨਾਲ ਪੈਦਾ ਹੋਈ ਹੈ ਜਿਸ ਕਾਰਨ ਸਾਹਿਤ ਇਸ ਫਰੀ ਮਾਰਕੀਟ ਵਿੱਚ ਇਕ ਵਸਤੂ ਵਾਂਗ ਬਣ ਗਿਆ ਹੈ। ਪਹਿਲਾਂ ਸਾਹਿਤ ਦਾ ਸਵਰੂਪ ਲਿਖਤ ਨਾ ਹੋ ਕੇ ਵਾਚਿਕ ਸੀ। ਅੱਜ ਪ੍ਰਕਾਸ਼ਕ ਤੇ ਪਾਠਕ ਸੰਸਥਾਵਾਂ ਬਣ ਗਏ ਹਨ ਆਪੋ ਆਪਣੇ ਤਰੀਕੇ ਨਾਲ ਆਪਣੀ ਪੈਂਠ ਬਣਾਉਣ ਵਿੱਚ ਲੱਗੇ ਹੋਏ ਹਨ। ਮੁਦਰਾ ਦੇ ਫੈਲਾਅ ਨਾਲ ਪ੍ਰਕਾਸ਼ਕ ਤੇ ਲੇਖਕ ਦੇ ਰਿਸ਼ਤੇ ਬਦਲ ਗਏ ਹਨ। ਜੇ ਲੇਖਕ ਪ੍ਰਕਾਸ਼ਕ ਲਈ ਵਿਕਾਊ ਜਾਂ ਕਮਾਊ ਨਹੀਂ ਰਿਹਾ ਤਾਂ ਉਸ ਨਾਲ ਪ੍ਰਕਾਸ਼ਕ ਉਹੋ ਜਿਹਾ ਵਰਤਾਓ ਕਰਦਾ ਹੈ ਜਿਹੋ ਜਿਹਾ ਘਰ ਦੇ ਵਿਹਲੜ ਜੀਅ ਜਾਂ ਬੁੱਢੇ ਨਾਲ ਕੀਤਾ ਜਾਂਦਾ ਹੈ। ਪੂਰੀ ਦੁਨੀਆ ਵਿੱਚ ਲੇਖਕ ਤੇ ਪ੍ਰਕਾਸ਼ਕ ਵਿਚਕਾਰ ਸਭ ਤੋਂ ਵੱਧ ਮਾਇਕ ਵਿਵਾਦੀ ਰਿਸ਼ਤਾ ਰੁਆਇਲਟੀ ਨੂੰ ਲੈ ਕੇ ਹੁੰਦਾ ਹੈ ਪਰ ਪੰਜਾਬੀ ਵਿੱਚ ਤਾਂ ਉਹ ਵੀ ਨਹੀਂ ਹੈ। ਪ੍ਰਕਾਸ਼ਕਾਂ ਦੇ ਰਵੱਈਏ ਨੂੰ ਲੈ ਕੇ ਪੰਜਾਬੀ ਲੇਖਕ ਦੇ ਸਵੈ-ਮਾਣ ਨੂੰ ਸੱਟ ਵੱਜਦੀ ਹੈ ਜਾਂ ਇਉਂ ਕਹਿ ਲਓ ਕਿ ਪੰਜਾਬੀ ਲੇਖਕ ਦਾ ਆਤਮ-ਸਨਮਾਨ ਖਤਰੇ ਵਿੱਚ ਹੈ। ਬਾਜ਼ਾਰਵਾਦੀ ਰੁਚੀਆਂ ਭਾਰੂ ਹੋਣ ਕਰਕੇ ਵਿਗਿਆਪਨ ਜ਼ਿਆਦਾ ਮਹੱਤਵਪੂਰਨ ਹੋ

ਗਿਆ ਹੈ। ਇਸ ਲਈ ਪੰਜਾਬੀ ਲੇਖਕਾਂ ਵਿੱਚ ਇਕ ਬਾਜ਼ਾਰਵਾਦੀ ਪੀੜ੍ਹੀ ਤੇਜ਼ੀ ਨਾਲ ਉਭਰ ਕੇ ਸਾਹਮਣੇ ਆਈ ਹੈ, ਸੋਸ਼ਲ ਮੀਡੀਆ ਉਪਰ ਤਾਂ ਇਹਨਾਂ ਨੂੰ ਆਮ ਦੇਖਿਆ ਗਿਆ ਹੈ ਬਲਕਿ ਸੋਸ਼ਲ ਮੀਡੀਆ ਇਸ ਪੀੜ੍ਹੀ ਨੂੰ ਹਲਾਸ਼ੇਰੀ ਦੇ ਰਿਹਾ ਹੈ। ਉਹਨਾਂ ਲਈ ਲੇਖਕ ਹੋਣਾ ਨਹੀਂ ਲੇਖਕ ਕਹਾਉਣਾ ਜ਼ਿਆਦਾ ਮਹੱਤਵ ਰੱਖਦਾ ਹੈ। ਅੱਜ ਬਹੁਤ ਸਾਰਾ ਪੰਜਾਬੀ ਸਾਹਿਤ 'ਲਾਈਕਸ' ਤੇ 'ਕੁਮਿੰਟਸ' ਦੇ ਸਿਰ 'ਤੇ ਚੱਲ ਰਿਹਾ ਹੈ। ਅੱਜ ਸਾਹਿਤ ਤੇ ਸਾਹਿਤਕਾਰ ਨੁਮਾਇਸ਼ੀ ਵਰਤਾਰੇ ਦਾ ਸ਼ਿਕਾਰ ਹੈ। ਅਜਿਹੇ ਲੇਖਕਾਂ ਨੂੰ ਇਹ ਗੱਲ ਹਾਲੇ ਸਮਝ ਨਹੀਂ ਆਵੇਗੀ, ਸਮਾਂ ਤੇ ਅਨੁਭਵ ਹੀ ਦੱਸੇਗਾ। ਵੈਸੇ ਵੀ ਅੱਜ ਦਾ ਲੇਖਕ ਬਹੁਤ ਪੇਤਲਾ ਰਹਿ ਗਿਆ ਹੈ। ਉਹ ਅੰਦਰੋਂ ਬੇਚੈਨ ਨਹੀਂ ਹੈ। ਸਾਹਿਤ ਬੇਚੈਨੀ, ਤੜਫ, ਅਸ਼ੰਤੋਸ਼, ਤਣਾਓ, ਉਦਾਸੀ ਦੀ ਕਥਾ ਹੀ ਤਾਂ ਹੈ। ਨਵ-ਉਦਾਰਵਾਦੀ ਅਰਥਵਿਵਸਥਾ ਨੇ ਉਤਰ-ਪੂੰਜੀਵਾਦ ਦੀ ਸੰਸਕ੍ਰਿਤਕ-ਰਾਜਨੀਤੀ ਨੂੰ ਗੰਧਲਾ ਕਰ ਦਿੱਤਾ ਹੈ। ਲੇਖਕ ਨੇ ਇਸ ਗੰਧਲੇਪਨ ਦੀ ਪੱਛਾਣ ਕਰਕੇ ਇਸ ਉਪਰ ਉਂਗਲ ਰਖਣੀ ਹੁੰਦੀ ਹੈ। ਇਥੇ ਲੇਖਕ ਨੇ ਸਥਾਪਤੀ ਦੇ ਖਿਲਾਫ ਸੰਘਰਸ਼ ਕਰਨਾ ਹੁੰਦਾ ਹੈ ਪਰ ਪੰਜਾਬੀ ਲੇਖਕ ਤੇ ਸਥਾਪਤੀ ਇਕੋ ਮੰਚ 'ਤੇ ਖੜੇ ਦਿਸ ਰਹੇ ਹਨ। ਇਹ ਪੰਜਾਬੀ ਸਾਹਿਤ ਲਈ ਇਕ ਹੋਰ ਢਾਅ ਵਾਲੀ ਗੱਲ ਹੈ। ਵੱਡੇ-ਵੱਡੇ ਸਮਾਗਮ ਕਰਾਉਣ ਵਾਲੀਆਂ ਸੰਸਥਾਵਾਂ ਜਾਂ ਪੰਜਾਬੀ ਵ੍ਲਡ ਕਾਨਫਰੰਸਾਂ ਕਰਾਉਣ ਵਾਲੇ ਧਨਾਢ ਹੁੰਦੇ ਹਨ ਜਿਨਾਂ ਦੇ ਲਾਏ ਮੇਲੇ ਮਨੋਰੰਜਨ ਦਾ ਸਾਧਨ ਤਾਂ ਹੋ ਸਕਦੇ ਹਨ ਪਰ ਪੰਜਾਬੀ ਸਾਹਿਤ ਦਾ ਕੁਝ ਨਹੀਂ ਸੁਆਰਦੇ। ਜਿਹਨਾਂ ਇਕੱਠਾਂ ਨੂੰ ਸਾਹਿਤਕ ਕਾਨਫਰੰਸਾਂ ਕਿਹਾ ਜਾ ਸਕਦਾ ਹੈ ਉਹ ਵੀ ਗਿਣੇ-ਮਿੱਥੇ ਲੇਖਕਾਂ/ਗਰੁੱਪਾਂ ਨੂੰ ਪਰੋਮੋਟ ਕਰਨ ਲਈ ਹੁੰਦੇ ਹਨ। ਸੋਸ਼ਲ ਮੀਡੀਆ ਆਪਣੇ ਬਹੁਤ ਸਾਰੇ ਫਾਇਦਿਆਂ ਦੇ ਬਾਵਜੂਦ ਪੰਜਾਬੀ ਸਾਹਿਤ ਦੇ ਹੱਕ ਵਿੱਚ ਉਂਜ ਨਹੀਂ ਭੁਗਤ ਰਿਹਾ ਜਿਵੇਂ ਉਹ ਕਰ ਸਕਦਾ ਸੀ। ਸੋਸ਼ਲ ਮੀਡੀਏ ਨਾਲ ਜੁੜੀ ਪੀੜ੍ਹੀ ਨੂੰ ਸਾਡੇ ਨੇਤਾ 'ਮਾਊਸ ਚਾਰਮਰ' ਕਹਿੰਦੇ ਹਨ, ਇਹ ਪੀੜ੍ਹੀ ਕਾਹਲੀ ਨਾਲ ਛਾ ਜਾਣ ਦੀ ਹੋੜ ਵਿੱਚ; ਬੋਲੀ, ਵੈਕੁਬਲਰੀ ਤੇ ਗਰੈਮਰ ਦਾ ਬਹੁਤ ਨੁਕਸਾਨ ਕਰ ਰਹੀ ਹੈ। ਇਸ ਗੱਲ ਵਿੱਚ ਵੀ ਸੱਚਾਈ ਹੈ ਕਿ ਅੱਜ ਦਾ ਸਾਹਿਤ ਸੰਚਾਰ ਨਹੀਂ ਕਰ ਰਿਹਾ। ਕਿਤਾਬਾਂ ਪੜ੍ਹਨ ਦੀ ਰੁਚੀ ਬਹੁਤ ਘੱਟ ਗਈ ਹੈ। ਇਹ ਜ਼ਮਾਨਾ ਵੀਯੂਅਲ ਦਾ ਹੈ। ਇਸ ਸਦੀ ਦੇ ਸ਼ੁਰੂ ਵਿੱਚ ਹੀ ਲੋਕਾਂ ਨੇ ਕਿਤਾਬ ਨਾਲੋਂ ਟੈਲੀਵੀਯਨ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਸੀ ਪਰ ਹੁਣ ਤਾਂ ਜ਼ਮਾਨਾ ਹੱਥ ਵਿੱਚ ਫੜੇ ਟੈਲੀਫੋਨ ਦਾ ਹੈ। ਸਭ ਕੁਝ ਇਸੇ ਫੋਨ ਵਿੱਚ ਹੈ, ਵੀਯੂਅਲ ਵੀ, ਆਡੀਓ ਵੀ ਤੇ ਅੱਖਰਕਾਰੀ ਵੀ। ਇਸ ਨਾਲ ਪੜ੍ਹਨ ਦੀ ਪਰੰਪਰਾ ਹੋਰ ਵੀ ਹਾਸ਼ੀਏ ਵੱਲ ਧੱਕੀ ਗਈ ਹੈ। ਅਜਿਹੇ ਵੇਲੇ ਸਮਸਿਆਵਾਂ ਦੇ ਹੱਲ ਬੁੱਧੀਜੀਵੀ ਥਿੰਕ-ਟੈਂਕ ਲੱਭਿਆ ਕਰਦੇ ਹਨ ਪਰ ਅਜਿਹੇ ਵਿਅਕਤੀਆਂ ਦੀ ਪੰਜਾਬੀ ਸਾਹਿਤ ਵਿੱਚ ਬਹੁਤ ਘਾਟ ਹੈ। ਸਾਹਿਤ ਦੀ ਆਲੋਚਨਾ ਵੀ ਸਮੇਂ ਸਮੇਂ ਸਾਹਿਤਕਾਰਾਂ ਨੂੰ ਰਾਹ ਦਿਖਾਉਂਦੀ ਹੈ ਪਰ ਪੰਜਾਬੀ ਸਾਹਿਤ ਆਲੋਚਨਾ ਦਮ ਤੋੜ ਰਹੀ ਹੈ। ਇਸ ਸਮੇਂ ਇਹ ਮਸਲੇ ਡੂੰਘੀ ਸੋਚ-ਵਿਚਾਰ ਤੇ ਬਹਿਸ ਦੀ ਮੰਗ ਕਰਦੇ ਹਨ।

-ਅਦਾਰਾ ਸ਼ਬਦ

ਮੌਤ ਨੇ ਸਦਾ ਮੈਨੂੰ ਆਕ੍ਰਸ਼ਿਤ ਕੀਤਾ ਹੈ: ਪ੍ਰਿਯੰਵਦ

ਮੁਲਾਕਾਤੀ: ਅਵਿਨਾਸ਼ ਮਿਸ਼ਰ

? ਤੁਹਾਨੂੰ ਸੰਵਾਦ ਕਰਨਾ ਕਿਹੋ ਜਿਹਾ ਲੱਗਦਾ ਹੈ ? ਇਹ ਸਵਾਲ ਕਰਦੇ ਸਮੇਂ ਮੈਨੂੰ ਤੁਹਾਡੇ ਨਾਲ ਹੋਈਆਂ ਬਹੁਤ ਸਾਰੀਆਂ ਮੁਲਾਕਾਤਾਂ ਯਾਦ ਆ ਰਹੀਆਂ ਹਨ। ਇਸਦੇ ਬਾਵਜੂਦ ਮੇਰਾ ਇਹ ਸਵਾਲ ਕੋਈ ਨਿੱਜੀ ਸਵਾਲ ਨਹੀਂ ਹੈ, ਕਿਉਂਕਿ ਮੈਂ ਤੁਹਾਨੂੰ ਸੰਵਾਦ ਲਈ ਹਮੇਸ਼ਾ ਪੇਸ਼, ਤਿਆਰ ਅਤੇ ਉਦਾਰ ਪਾਇਆ ਹੈ। ਨਵੀਂ ਪੀੜ੍ਹੀ ਦੇ ਲਈ ਤੁਸੀਂ ਉਨ੍ਹਾਂ ਲੇਖਕਾਂ ਵਿੱਚੋਂ ਹੋ, ਜਿਨ੍ਹਾਂ ਦੀਆਂ ਰਚਨਾਵਾਂ ਅਤੇ ਵਿਅਕਤੀਤਵ ਦੀ ਨਿੰਦਾ ਲਗਭਗ ਨਜ਼ਰ ਨਹੀਂ ਆਉਂਦੀ ?

—ਮੈਂ ਨਹੀਂ ਜਾਣਦਾ ਕਿ ਲੋਕਾਂ ਨਾਲ ਸੰਵਾਦ ਰੱਖੇ ਬਿਨਾਂ ਕੋਈ ਲੇਖਕ ਕਿਵੇਂ ਬਣ ਸਕਦਾ ਹੈ ? ਲੇਖਕ ਨੂੰ ਤਾਂ ਆਪਣੀ ਖਾਧ-ਖੁਰਾਕ, ਆਪਣੀ ਸਾਹ-ਹਵਾ ਲੋਕਾਂ ਨਾਲ ਮਿਲਣ-ਜੁਲਣ, ਉਨ੍ਹਾਂ ਨਾਲ ਗੱਲਾਂ ਕਰਨ, ਉਨ੍ਹਾਂ ਦੇ ਵਿਚਕਾਰ ਰਹਿਣ ਨਾਲ ਹੀ ਮਿਲਦੀ ਹੈ। ਮੈਂ ਤਾਂ ਮਨੁੱਖ ਨੂੰ ਹੀ ਕੀ, ਪ੍ਰਕਿਰਤੀ ਨਾਲ ਵੀ ਸੰਵਾਦ ਕਰਦਾ ਹਾਂ, ਕਬਰਾਂ ਦੇ ਹੇਠਾਂ ਰਹਿਣ ਵਾਲਿਆਂ ਨਾਲ ਵੀ ਕਰਦਾ ਹਾਂ। ਜਿਹੜੇ ਯਾਦਾਂ ਵਿੱਚ ਹਨ, ਇਤਿਹਾਸ ਵਿੱਚ ਹਨ, ਮੈਂ ਉਨ੍ਹਾਂ ਨਾਲ ਵੀ ਗੱਲਾਂ ਕਰਦਾ ਹਾਂ । ਮੈਨੂੰ ਇਹਦੇ ਵਿੱਚ ਅਨੰਦ ਆਉਂਦਾ ਹੈ, ਰਸ ਮਿਲਦਾ ਹੈ। ਇਹਦਾ ਕਾਰਨ ਸ਼ਾਇਦ ਇਹੀਓ ਹੋਵੇ ਕਿ ਮੈਂ ਸ਼ੁਰੂ ਤੋਂ ਹੀ ਕਾਨਪੁਰ ਦੀਆਂ ਸੜਕਾਂ ਉਤੇ, ਇਹਦੀਆਂ ਗਲੀਆਂ ਵਿੱਚ ਅਵਾਰਾ ਘੁੰਮਦੇ ਹੋਏ ਅੱਡੇਬਾਜ਼ੀ ਕੀਤੀ ਹੈ। ਅੱਡੇਬਾਜ਼ ਜਾਣਦੇ ਹਨ ਕਿ ਜੀਵਨ ਵਿੱਚ ਖੁਭੇ ਬਿਨਾਂ, ਉਨ੍ਹਾਂ ਨਾਲ ਸੰਵਾਦ ਕੀਤੇ ਬਿਨਾਂ ਅੱਡੇਬਾਜ਼ੀ ਸੰਭਵ ਨਹੀਂ। ਘਰ ਵਿੱਚ ਥਾਂ ਨਹੀਂ ਹੁੰਦੀ ਸੀ, ਤਾਂ ਬਾਹਰ ਸੜਕਾਂ ਉਤੇ ਹੀ ਅਸੀਂ ਲਗਭਗ ਸਾਰਾ ਦਿਨ ਲੰਘਾਉਂਦੇ ਸੀ। ਅਸੀਂ ਚਾਰੇ ਪਾਸੇ ਦੀ ਦੁਨੀਆ ਨੂੰ ਦੇਖਦੇ, ਉਹਦੇ ਵਿੱਚ ਜੀਊਂਦੇ ਸੀ। ਅੱਜ ਸਭ ਕੁੱਝ ਬਦਲ ਗਿਆ ਹੈ। ਕੋਈ ਇਸ ਤਰ੍ਹਾਂ ਨਹੀਂ ਜਿਊਂਦਾ। ਮੋਬਾਈਲ ਫੋਨ ਨੇ ਇਨਸਾਨ ਦੇ ਦੂਜੇ ਆਦਮੀ ਨਾਲ ਸੰਵਾਦ, ਉਹਦੇ ਨਾਲ ਰਹਿਣ ਦੀ ਇੱਛਾ ਅਤੇ ਜ਼ਰੂਰਤ ਨੂੰ ਖ਼ਤਮ ਕਰ ਦਿੱਤਾ ਹੈ। ਕੋਵਿਡ ਨੇ ਇਹਦੇ ਲਈ ਤਰਕ ਅਤੇ ਆਧਾਰ ਵੀ ਦੇ ਦਿੱਤਾ ਹੈ। ਹੋਰ ਕਿਸੇ ਦੀ ਗੱਲ ਤਾਂ ਮੈਂ ਨਹੀਂ ਕਰਦਾ, ਪਰ ਕਿਸੇ ਲੇਖਕ ਲਈ ਇਹ ਸੰਵਾਦਹੀਣਤਾ, ਇਹ ਇਕੱਲਾਪਣ, ਕਿਸੇ ਟਾਪੂ ਤੇ ਜੀਣ ਵਾਂਗ ਆਤਮਘਾਤੀ ਹੈ। ਉਹ ਮੌਤ ਯਕੀਨੀ ਹੈ। ਤੁਹਾਡੀ ਦੂਜੀ ਗੱਲ ਦਾ ਉੱਤਰ ਇਹ ਹੈ ਕਿ ਮੈਂ ਆਪਣੇ ਨੌਜਵਾਨ ਸਾਥੀਆਂ, ਨਵੇਂ ਲੇਖਕਾਂ ਨੂੰ ਹਮੇਸ਼ਾ ਉਮੀਦ ਅਤੇ ਭਰੋਸੇ ਨਾਲ ਦੇਖਿਆ ਹੈ। ਉਨ੍ਹਾਂ ਨਾਲ ਗੱਲਾਂ ਕਰਨੀਆਂ ਚੰਗੀਆਂ ਲੱਗਦੀਆਂ ਹਨ। 'ਸੰਗਮਨ' ਦੇ ਆਯੋਜਕਾਂ ਨੇ ਇਹਦੇ ਵਿਚ ਮੇਰੀ ਮਦਦ ਕੀਤੀ ਹੈ। ਪਿਛਲੇ 25-30 ਸਾਲਾਂ ਵਿੱਚ ਜਿੰਨੇ ਵੀ ਲੇਖਕ-ਲੇਖਕਾਵਾਂ ਦਿਸਹੱਦੇ 'ਤੇ ਆਏ ਹਨ, ਲਗਭਗ ਸਭ ਨਾਲ ਮੇਰਾ ਸੰਵਾਦ ਹੈ, ਮਿੱਤਰਤਾ ਹੈ। ਤੁਸੀਂ ਆਪ ਚਿਤੌੜਗੜ੍ਹ ਦੇ 'ਸੰਗਮਨ' (24) ਵਿੱਚ ਦੇਖਿਆ ਹੈ ਕਿ ਕਿਵੇਂ ਨੌਜਵਾਨ ਸਾਥੀ ਜੁਟੇ-ਜੁੜੇ ਸਨ। ਮੇਰੀ ਨਿੰਦਾ ਨਹੀਂ ਦਿਖਾਈ ਦਿੰਦੀ, ਮੇਰੀ ਕੰਮ ਦੀ ਛਵੀ ਨਹੀਂ ਦਿਖਾਈ ਦਿੰਦੀ... ਤਾਂ ਇਹਦੇ ਲਈ, ਮੈਂ ਇਸਤੋਂ ਸਿਵਾ ਕੀ ਕਹਾਂ ਕਿ ਮੈਂ ਸਾਹਿੱਤ ਵਿੱਚ

ਜਿਸ ਤਰ੍ਹਾਂ ਰਹਿਣ, ਜੀਣ ਅਤੇ ਜਿਵੇਂ ਲਿਖਣ ਦਾ ਰਾਹ ਚੁਣਿਆ ਹੈ ਤੇ ਉਸ 'ਤੇ ਤੁਰਿਆ ਹੈ , ਉਹ ਰਾਹ ਸ਼ਾਇਦ ਠੀਕ ਹੀ ਸੀ।

? ਸੰਗਮਨ-24 (ਚਿਤੌੜਗੜ੍ਹ, ਰਾਜਸਥਾਨ) ਵਿੱਚ ਆਪਣੇ ਸਮਾਪਤੀ ਭਾਸ਼ਨ ਵਿੱਚ ਤੁਸੀਂ ਪੜ੍ਹਨ, ਸਰਲਤਾ, ਸੰਵਾਦਸ਼ੀਲਤਾ ਅਤੇ ਲੋਕਪ੍ਰੀਅਤਾ ਨੂੰ ਰੱਦ ਕਰਦੇ ਹੋਏ ਕਿਹਾ ਕਿ ਤੁਹਾਡੀ ਲਿਖਣ ਦੇ ਵਿਕਾਸ ਦੀ ਕਸਵੱਟੀ ਇਹ ਹੈ ਉਹ ਹੌਲੀ ਹੌਲੀ ਗੁੰਝਲਦਾਰ ਹੁੰਦੇ ਹੋਏ ਦਰਸ਼ਨਸ਼ਾਸਤਰ ਦੇ ਨੇੜੇ ਪਹੁੰਚ ਜਾਵੇ... ਇਹਨੂੰ ਇੱਥੇ ਜ਼ਰਾ ਸਪਸ਼ਟ ਕਰਨਾ ਚਾਹੋਗੇ ?

—ਹਾਂ, ਮੈਂ ਇਹੀਓ ਕਿਹਾ ਸੀ । ਮੈਨੂੰ ਲਿਖਦੇ ਹੋਏ ਪੰਜਾਹ ਸਾਲ ਤੋਂ ਵੱਧ ਹੋ ਗਏ। ਮੈਂ ਅਕਸਰ ਇਸ ਸਵਾਲ 'ਤੇ ਸੋਚਦਾ ਹਾਂ ਕਿ ਇਨ੍ਹਾਂ ਪੰਜਾਹ ਸਾਲਾਂ ਵਿੱਚ ਮੈਂ ਆਪਣੇ ਲੇਖਣ ਵਿੱਚ ਕੋਈ ਵਿਕਾਸ ਕੀਤਾ ਹੈ ? ਉਹਦੀ ਸ੍ਰੇਸ਼ਠਤਾ ਜਾਂ ਗੁਣਵੱਤਾ ਨੂੰ ਨਤੀਜੇ ਵੱਲ ਲਿਜਾ ਸਕਿਆ ਹਾਂ ? ਜੇ ਅਜਿਹਾ ਹੋਇਆ ਹੈ ਤਾਂ ਕੀ ਮੇਰੇ ਕੋਲ ਉਹਦਾ ਕੋਈ ਪੈਮਾਨਾ ਹੈ ? ਹੈ ਤਾਂ ਕੀ ਹੈ ? ਜਾਂ ਫਿਰ ਜਿਵੇਂ ਬਲਦ ਅੱਖਾਂ ਤੇ ਪੱਟੀ ਬੰਨ੍ਹਕੇ, ਹਲਟ ਚਲਾਉਂਦੇ ਹੋਏ ਇੱਕ ਘੇਰੇ ਵਿੱਚ ਘੰਟਿਆਂ ਬੱਧੀ ਘੁੰਮਦਾ ਰਹਿੰਦਾ ਹੈ, ਉਸੇ ਤਰ੍ਹਾਂ ਮੈਂ ਇੱਕ ਹੀ ਤਰ੍ਹਾਂ ਨਾਲ ਲਿਖਦਾ ਹੋਇਆ, ਇੱਕ ਹੀ ਸੀਮਤ ਦਾਇਰੇ ਵਿੱਚ ਪੰਜਾਹ ਸਾਲਾਂ ਤੋਂ ਘੁੰਮ ਰਿਹਾ ਹਾਂ-ਇੱਕ ਹੀ ਧੁਰੀ ਉਤੇ, ਇੱਕ ਹੀ ਘੇਰੇ ਵਿੱਚ, ਵਿਅਰਥ ਅਤੇ ਦੁਹਰਾਈ ਭਰਿਆ ਲਿਖ ਰਿਹਾ ਹਾਂ ?

ਮੈਂ ਆਪਣੀ ਗੱਲ ਜਾਣਦਾ ਹਾਂ ਕਿ ਮੈਂ ਇਨ੍ਹਾਂ ਸਾਲਾਂ ਵਿੱਚ ਆਪਣੇ ਲਿਖਣ ਲਈ ਇੱਕ ਮਾਪਦੰਡ ਬਣਾਇਆ ਹੈ। ਇਹ ਪੈਮਾਨਾ ਤੈਅ ਕੀਤਾ ਹੈ ਕਿ ਜੇਕਰ ਮੇਰਾ ਸਾਹਿੱਤ ਹੌਲੀ-ਹੌਲੀ ਦਰਸ਼ਨ ਸ਼ਾਸਤਰ ਵਿੱਚ ਸ਼ਾਮਲ ਹੋ ਰਿਹਾ ਹੈ, ਤਾਂ ਮੈਂ ਸੰਤੁਸ਼ਟ ਹੋ ਜਾਵਾਂਗਾ ਕਿ ਮੈਂ ਆਪਣੇ ਲੇਖਣ ਵਿੱਚ ਵਿਕਾਸ ਕਰ ਰਿਹਾ ਹਾਂ। ਉਸੇ ਸ੍ਰੇਸ਼ਠ ਤੋਂ ਸ੍ਰੇਸ਼ਠ ਅਤੇ ਉੱਚੇ ਤੋਂ ਉੱਚਾ ਕਰ ਰਿਹਾ ਹਾਂ। ਇਸ ਗੱਲ ਦਾ ਮਨੋਰਥ ਇਹ ਹੈ ਕਿ ਮੈਂ ਚਾਹੁੰਦਾ ਹਾਂ, ਮੇਰਾ ਸਾਹਿੱਤ ਉਨ੍ਹਾਂ ਪ੍ਰਸ਼ਨਾਂ ਨਾਲ ਜੁੜਦਾ ਜਾਵੇ ਜੋ ਮੂਲ ਰੂਪ ਵਿੱਚ ਦਰਸ਼ਨ ਦੇ ਪ੍ਰਸ਼ਨ ਹੁੰਦੇ ਹਨ। ਹੋਂਦ, ਅੰਤਰ ਆਤਮਾ, ਨੈਤਿਕਤਾ, ਜਨਮ , ਮਰਨ, ਪੁੰਨ, ਅਚੇਤਨ, ਅਵਚੇਤਨ, ਸਿਮਰਤੀਆਂ, ਸੁਪਨੇ, ਆਤਮ ਵਿਸ਼ਲੇਸ਼ਣ ਆਦਿ ਮੇਰੇ ਸਾਹਿੱਤ ਦੇ ਸਰੋਕਾਰ ਬਣਦੇ ਜਾਣ। ਇਸੇ ਦਾ ਇੱਕ ਹਿੱਸਾ ਇਹ ਵੀ ਹੈ ਕਿ ਮੇਰੀਆਂ ਕਹਾਣੀਆਂ ਸਥਾਨਕ ਚੇਤਨਾ ਨਾਲ ਨਾ ਜੁੜਕੇ, ਵਿਸ਼ਵ ਪੱਧਰੀ ਚੇਤਨਾ ਨਾਲ ਜੁੜਨ। ਮੈਂ ਜਾਣਦਾ ਹਾਂ ਕਿ ਜਦੋਂ ਮੇਰਾ ਸਾਹਿੱਤ ਇਸ ਵਿਆਪਕ ਅਤੇ ਅਦ੍ਰਿਸ਼ ਦਿਖਦੇ ਸਰੋਕਾਰਾਂ ਵਾਲੇ ਘੇਰੇ ਵਿੱਚ ਪ੍ਰਵੇਸ਼ ਕਰੇਗਾ ਤਾਂ ਗੁੰਝਲਦਾਰ ਵੀ ਹੋ ਜਾਵੇਗਾ। ਉਹਦੀ ਭਾਸ਼ਾ ਗੂੜ੍ਹ, ਅਭਿਵਿਅਕਤੀ ਸੂਖਮ ਜਾਂ ਬਹੁ ਪੱਧਰੀ ਹੋਵੇਗੀ। ਵਿਚਾਰਾਂ ਵਿੱਚ ਚਿਰ ਸਥਾਈ ਚਿੰਤਾਵਾਂ ਹੋਣਗੀਆਂ। ਪਾਠਕਾਂ ਦੀ ਗਿਣਤੀ ਘੱਟ ਹੋਵੇਗੀ ਤੇ ਸੰਭਵ ਹੈ ਅਸੰਵਾਦਪਣਾ ਵਧਦਾ ਜਾਵੇ। ਤੁਸੀਂ ਆਪ ਵੀ ਆਪਣੇ ਨਵੇਂ ਨਾਵਲ 'ਵਰਸ਼ਾਵਾਸ' ਵਿੱਚ ਇਹੀਓ ਕੀਤਾ ਹੈ। ਉਹ ਲਗਭਗ ਇਸੇ ਤਰ੍ਹਾਂ ਦਾ ਨਾਵਲ ਹੈ।

? 'ਵਨਮਾਲੀ ਕਥਾ' ਦੇ ਨਵ ਲੇਖਣ ਵਿਸ਼ੇਸ਼ ਅੰਕ ਦੀ ਸ਼ਕਲ ਵਿੱਚ ਕਥਾ-ਪੀੜ੍ਹੀ ਸਾਹਮਣੇ ਆਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਕਿਸੇ ਸਾਹਿੱਤਕ ਮਾਸਿਕ